GOVERNMENT OF WESTERN AUSTRALIA

Working with Children Check

# Factsheet CR18
# ਬੱਚਿਆਂ ਨਾਲ ਸੰਬੰਧਿਤ ਕੰਮ ਦੀਆਂ ਸ਼੍ਰੇਣੀਆਂ 18: ਬੱਚਿਆਂ ਲਈ ਮਨੋਰੰਜਨ ਜਾਂ ਪਾਰਟੀ ਸੇਵਾ



Punjabi | ਪੰਜਾਬੀ

ਬੱਚਿਆਂ ਲਈ ਮਨੋਰੰਜਨ ਜਾਂ ਪਾਰਟੀ ਸੇਵਾ ਵਿੱਚ ਬਹੁਤ ਕਿਸਮ ਦੀਆਂ ਸਥਿਤੀਆਂ ਸ਼ਾਮਲ ਹੁੰਦੀਆਂ ਹਨ, ਹਾਲਾਂਕਿ ਇਸ ਸ਼੍ਰੇਣੀ 'ਤੇ ਖ਼ਾਸ ਛੋਟਾਂ ਵੀ ਲਾਗੂ ਹੁੰਦੀਆਂ ਹਨ।

## ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੀਆਂ ਜਾਂਦੀਆਂ ਨੌਕਰੀ-ਭੂਮਿਕਾਵਾਂ

ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੀਆਂ ਜਾਣ ਵਾਲੀਆਂ ਨੌਕਰੀ-ਭੂਮਿਕਾਵਾਂ ਦੀਆਂ ਕੁੱਝ ਉਦਾਹਰਣਾਂ ਹੇਠਾਂ ਦਿੱਤੀਆਂ ਗਈਆਂ ਹਨ। ਕਿਰਪਾ ਕਰਕੇ ਧਿਆਨ ਦਿਓ ਕਿ ਸਾਰੇ ਮਾਮਲਿਆਂ ਵਿੱਚ, ਕਿਸੇ ਨੌਕਰੀ-ਭੂਮਿਕਾ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੇ ਜਾਣ ਲਈ ਉਸ ਭੂਮਿਕਾ ਦੀਆਂ **ਆਮ ਡਿਊਟੀਆਂ** (usual duties) ਵਿੱਚ **ਬੱਚੇ** (child) ਨਾਲ **ਸੰਪਰਕ** (contact) ਕਰਨਾ ਲਾਜ਼ਮੀ ਹੋਣਾ, ਜਾਂ ਸੰਪਰਕ ਹੋਣ ਦੀ ਸੰਭਾਵਨਾ ਸ਼ਾਮਲ ਹੋਣੀ ਚਾਹੀਦੀ ਹੈ। ਨੌਕਰੀ-ਭੂਮਿਕਾਵਾਂ ਵਿੱਚ ਸ਼ਾਮਲ ਹਨ:

- ਇਨਡੋਰ ਪਲੇਅ ਸੈਂਟਰ ਵਿਚਲਾ ਸਟਾਫ਼ ਜੋ ਆਪਣੀਆਂ ਆਮ ਡਿਊਟੀਆਂ ਦੇ ਹਿੱਸੇ ਵਜੋਂ ਬੱਚਿਆਂ ਨਾਲ ਸੰਪਰਕ ਕਰਦੇ ਹਨ
- ਖ਼ਾਸ ਤੌਰ 'ਤੇ ਬੱਚਿਆਂ ਲਈ ਜਨਤਕ ਮਨੋਰੰਜਨ ਸੇਵਾਵਾਂ ਪ੍ਰਦਾਨ ਕਰਨ ਵਾਲੇ ਲੋਕ, ਜਿਵੇਂ ਕਿ ਜਾਦੂਗਰ, ਜੋਕਰ ਜਾਂ ਬੱਚਿਆਂ ਦੇ ਇੰਟਰਐਕਟਿਵ ਕਿਰਦਾਰ, ਜੇਕਰ ਉਹਨਾਂ ਦਾ ਬੱਚਿਆਂ ਨਾਲ ਸੰਪਰਕ ਹੁੰਦਾ ਹੈ
- ਉਹ ਲੋਕ ਜੋ ਵਿਸ਼ੇਸ਼ ਤੌਰ 'ਤੇ ਬੱਚਿਆਂ ਲਈ, ਸਕੂਲੀ ਗਰੁੱਪਾਂ ਸਮੇਤ, ਵਿੱਦਿਅਕ ਦਿਲਚਸਪੀ ਵਾਲੀਆਂ ਥਾਵਾਂ ਜਿਵੇਂ ਕਿ ਸਾਈ-ਟੈਕ, ਅਜਾਇਬ ਘਰ ਅਤੇ ਰਾਸ਼ਟਰੀ ਪਾਰਕਾਂ ਲਈ ਇੰਟਰਐਕਟਿਵ, 'ਸਿੱਖਿਆਤਮਕ ਮਨੋਰੰਜਨ' ਪ੍ਰਦਾਨ ਕਰਦੇ ਹਨ
- ਪਸ਼ੂ ਫਾਰਮ ਦਾ ਸਟਾਫ਼ ਜੋ ਖ਼ਾਸ ਤੌਰ 'ਤੇ ਬੱਚਿਆਂ ਲਈ ਸਮਾਗਮਾਂ ਵਿੱਚ ਸ਼ਾਮਲ ਹੁੰਦਾ ਹੈ, ਜਿਵੇਂ ਕਿ ਪਲੇਅ-ਗਰੁੱਪ ਅਤੇ ਬੱਚਿਆਂ ਦੇ ਜਨਮਦਿਨ ਦੀਆਂ ਪਾਰਟੀਆਂ, ਅਤੇ ਉਹ ਆਪਣੀਆਂ ਆਮ ਡਿਊਟੀਆਂ ਦੇ ਹਿੱਸੇ ਵਜੋਂ ਬੱਚਿਆਂ ਨਾਲ ਸੰਪਰਕ ਕਰਦੇ ਹਨ
- ਫਾਦਰ ਕ੍ਰਿਸਮਸ, ਹੋਰ ਤਿਉਹਾਰਾਂ 'ਤੇ ਮਨੋਰੰਜਨ ਕਰਨ ਵਾਲੇ (ਭਾਵ, ਐਲਵਜ਼) ਅਤੇ 'ਸੈਂਟਾ ਦੇ ਪਿੰਡ' ਦੇ ਹਿੱਸੇ ਵਜੋਂ ਕੰਮ ਕਰ ਰਿਹਾ ਫ਼ੋਟੋਗ੍ਰਾਫੀ ਸਟਾਫ਼ ਜੋ ਆਪਣੀਆਂ ਆਮ ਡਿਊਟੀਆਂ ਦੇ ਹਿੱਸੇ ਵਜੋਂ ਬੱਚਿਆਂ ਨਾਲ ਸੰਪਰਕ ਕਰਦੇ ਹਨ
- ਬੱਚਿਆਂ ਦੇ ਖੇਡਣ ਦੇ ਪ੍ਰੋਗਰਾਮਾਂ ਅਤੇ ਛੁੱਟੀਆਂ ਦੀਆਂ ਗਤੀਵਿਧੀਆਂ ਦੇ ਪ੍ਰੋਗਰਾਮਾਂ ਦੀ ਸਹੂਲਤ ਦੇਣ ਵਾਲੇ ਲੋਕ
- ਲੋਕ ਜੋ ਬੱਚਿਆਂ ਲਈ ਕਹਾਣੀ ਸੁਣਾਉਣ ਦੇ ਪ੍ਰੋਗਰਾਮ ਪੇਸ਼ ਕਰਦੇ ਹਨ, ਜਿਵੇਂ ਕਿ 'ਰਾਈਮ ਟਾਈਮ'।

## ਛੋਟਾਂ

ਇਸ ਸ਼੍ਰੇਣੀ ਵਿੱਚ ਹੇਠ ਲਿਖੀਆਂ ਛੋਟਾਂ ਲਾਗੂ ਹੁੰਦੀਆਂ ਹਨ:

- ਬਾਲ **ਵਾਲੰਟੀਅਰ** (volunteers) - 18 ਸਾਲ ਤੋਂ ਘੱਟ ਉਮਰ ਦੇ ਵਾਲੰਟੀਅਰਾਂ ਦੁਆਰਾ ਕੀਤੇ ਗਏ ਕੰਮ
- 18 ਸਾਲ ਤੋਂ ਘੱਟ ਉਮਰ ਦੇ ਵੇਤਨ-ਰਹਿਤ ਪਲੇਸਮੈਂਟ ਕਰ ਰਹੇ **ਵਿਦਿਆਰਥੀ** (students)

- WA ਵਿੱਚ **ਥੋੜ੍ਹੇ ਸਮੇਂ ਲਈ ਆਏ ਸੈਲਾਨੀ (short-term visitors)**
- ਉਸੇ ਗਤੀਵਿਧੀ ਵਿੱਚ ਕਿਸੇ ਮਾਤਾ ਜਾਂ ਪਿਤਾ ਵੱਲੋਂ ਵਲੰਟੀਅਰ ਕਰਨਾ ਜਿਸ ਵਿੱਚ ਉਹਨਾਂ ਦਾ ਬੱਚਾ ਹਿੱਸਾ ਲੈ ਰਿਹਾ ਹੈ, ਜਾਂ ਆਮ ਤੌਰ 'ਤੇ ਹਿੱਸਾ ਲੈਂਦਾ ਹੈ, Factsheet CRW03 - ਛੋਟਾਂ, ਮਾਤਾ-ਪਿਤਾ ਵੱਲੋਂ ਵਾਲੰਟੀਅਰ ਕਰਨ ਦੀ ਛੋਟ ਵੇਖੋ।
- ਇੱਕ ਵਾਰੀ ਦੇ ਰਾਸ਼ਟਰੀ ਸਮਾਗਮ ਜਾਂ ਰਾਸ਼ਟਰੀ ਟੂਰ, Factsheet CRW02 - ਛੋਟਾਂ, ਇੱਕ ਵਾਰੀ ਦੇ ਰਾਸ਼ਟਰੀ ਸਮਾਗਮ ਅਤੇ ਰਾਸ਼ਟਰੀ ਟੂਰ ਵੇਖੋ
- ਪੁਲਿਸ ਅਧਿਕਾਰੀ ਜੋ WA ਪੁਲਿਸ ਮੈਂਬਰ ਵਜੋਂ ਕੰਮ ਕਰਦੇ ਹਨ
- ਆਮ ਲੋਕਾਂ ਲਈ ਖੁੱਲ੍ਹੀਆਂ ਪੇਸ਼ਕਾਰੀਆਂ, ਜਿਸ ਵਿੱਚ ਬੱਚਿਆਂ ਨਾਲ ਸਰੀਰਕ ਸੰਪਰਕ ਕਰਨਾ ਸ਼ਾਮਲ ਨਹੀਂ ਹੁੰਦਾ, ਭਾਵੇਂ ਫ਼ੀਸ ਭੁਗਤਾਨ ਨਾਲ ਜਾਂ ਬਗ਼ੈਰ ਫ਼ੀਸ ਦੇ, ਉਦਾਹਰਨ ਲਈ, ਡਿਜ਼ਨੀ ਆਨ ਆਈਸ
- ਉਹ ਸੇਵਾਵਾਂ ਜੋ ਸਿਰਫ਼ ਸਾਜ਼ੋ-ਸਾਮਾਨ, ਭੋਜਨ ਜਾਂ ਸਥਾਨ ਪ੍ਰਦਾਨ ਕਰਦੀਆਂ ਹਨ ਅਤੇ ਕੋਈ ਹੋਰ ਬੱਚਿਆਂ ਦਾ ਮਨੋਰੰਜਨ ਜਾਂ ਪਾਰਟੀ ਸੇਵਾ ਨਹੀਂ ਦਿੰਦੀਆਂ।

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au ' ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।